بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦਿੱਯਾ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਤਵੱਕੁਲ ਅਲੱਲਾਹ੍ ਦੇ ਹਵਾਲੇ ਨਾਲ ਹਜ਼ਰਤ ਅਕ਼ਦਸ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਦਾ ਪਾਕੀਜ਼ਾ ਨਮੂਨਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ੍-ਮਸੀਹ੍ ਅਲ੍-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 02 ਅਕਤੂਬਰ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ اِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਦੀ ਆਪਣੀ ਸ਼ੁਰੂਆਤੀ ਜ਼ਿੰਦਗੀ ਤੋਂ ਅੱਲਾਹ ਤਆਲਾ ਦੇ ਫ਼ਜ਼ਲ, ਉਸ ਦਾ ਆਪ ﷺ ਦੇ ਨਾਲ ਸਲੂਕ ਅਤੇ ਆਪ ﷺ ਦਾ ਅੱਲਾਹ ਤਆਲਾ ਉੱਤੇ ਜਿਹੜਾ **ਤਵੱਕੁਲ** (ਵਿਸ਼ਵਾਸ) ਸੀ ਉਸ ਦਾ ਜ਼ਿਕਰ ਕਰਦੇ ਹੋਏ ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਫ਼ਰਮਾਉਂਦੇ ਹਨ ਕਿ ਤੀਹ (30) ਵਰ੍ਹੇ ਪਹਿਲਾਂ ਮੇਰੇ ਵਾਲਿਦ ਸਾਹਿਬ ਆਪਣੀ ਆਖ਼ਿਰੀ ਉਮਰ ਵਿੱਚ ਬਿਮਾਰ ਹੋਏ ਜਿਸ ਵਿੱਚ ਉਨ੍ਹਾਂ ਦੀ ਵਫ਼ਾਤ ਤੈ ਸੀ। ਉਸ ਦਿਨ ਦੁਪਹਿਰ ਨੂੰ ਇਲਹਾਮ ਹੋਇਆ وَالسَّمَآءِ وَالطَّارِقِ ਜਿਸ ਦੇ ਮਾਇਨੇ ਹਨ ਕ਼ਸਮ ਹੈ ਆਸਮਾਨ ਦੀ ਅਤੇ ਉਸ ਹਾਦਸੇ ਦੀ ਜਿਹੜਾ ਸੂਰਜ ਦੇ ਡੁੱਬਣ ਵੇਲੇ ਹੋਵੇਗਾ। ਨਾਲ ਹੀ ਦਿਲ ਵਿੱਚ ਪਾਇਆ ਗਿਆ ਕਿ ਇਹ ਉਨ੍ਹਾਂ ਦੀ ਵਫ਼ਾਤ ਵੱਲ ਇਸ਼ਾਰਾ ਹੈ। ਇਹ ਅਸਲ ਵਿੱਚ ਅੱਲਾਹ ਤਆਲਾ ਦੇ ਵੱਲੋਂ ਸੋਗ ਮਨਾਉਣਾ ਸੀ।

ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਫ਼ਰਮਾਉਂਦੇ ਹਨ ਕਿ ਜਦ ਮੈਨੂੰ ਖ਼ਬਰ ਦਿੱਤੀ ਗਈ ਤਾਂ ਮੈਨੂੰ ਕੁੱਝ ਦੁੱਖ ਪਹੁੰਚਿਆ। ਉਨ੍ਹਾਂ ਨੂੰ ਜ਼ਿੰਦਗੀ ਵਿੱਚ ਸਰਕਾਰ ਵੱਲੋਂ ਕੁੱਝ ਹੱਕ ਹਾਸਿਲ ਸਨ ਜਿਨ੍ਹਾਂ ਦੀ ਵਜ੍ਹਾ ਨਾਲ ਦਿਲ ਵਿੱਚ ਇਹ ਖ਼ੌਫ਼ ਪੈਦਾ ਹੋਇਆ ਕਿ ਹੁਣ ਤੰਗੀ ਦੇ ਦਿਨ ਸਾਡੇ ‘ਤੇ ਆਉਣਗੇ। ਤਦ ਉਸੇ ਵੇਲੇ ਊਂਘ ਵਿੱਚ ਇਹ ਇਲਹਾਮ ਹੋਇਆ ਕਿ اَلَيۡسَ اللّٰهُ بِكَافٍ عَبۡدَهٗ ਯਾਨੀ ਕੀ ਖ਼ੁਦਾ ਆਪਣੇ ਬੰਦੇ ਦੇ ਲਈ ਕਾਫ਼ੀ ਨਹੀਂ? ਇਸ ਇਲਹਾਮਿ ਇਲਾਹੀ ਦੇ ਨਾਲ ਦਿਲ ਮਜ਼ਬੂਤ ਹੋ ਗਿਆ ਜਿਵੇਂ ਕੋਈ ਸਖ਼ਤ ਦਰਦਨਾਕ **ਜ਼ਖ਼ਮ** ਮਰਹਮ ਨਾਲ ਚੰਗਾ ਹੋ ਜਾਂਦਾ ਹੈ। ਇਹ ਅਮਲ ਕਈ ਵਾਰ ਆਜ਼ਮਾਇਆ ਗਿਆ ਹੈ ਕਿ ਵਹੀਇ ਇਲਾਹੀ ਵਿੱਚ ਦਿਲੀ ਤਸੱਲੀ ਦੇਣ ਦੇ ਲਈ ਇੱਕ ਖ਼ਾਸੀਅਤ ਹੈ ਯਾਨੀ ਆਪ ﷺ ਨੂੰ ਯਕ਼ੀਨ ਸੀ ਕਿ ਅੱਲਾਹ ਕਾਫ਼ੀ ਹੈ ਅਤੇ ਕਿਸੇ ਚੀਜ਼ ਦੀ ਫ਼ਿਕਰ ਕਰਨ ਦੀ ਲੋੜ ਨਹੀਂ।

ਆਪ ﷺ ਨੇ ਫ਼ਰਮਾਇਆ ਕਿ ਜਦ ਮੈਨੂੰ ਇਹ ਇਲਹਾਮ ਹੋਇਆ ਤਾਂ ਮੈਂ ਉਸੇ ਵੇਲੇ ਇਹ ਸਮਝ ਲਿਆ ਕਿ ਖ਼ੁਦਾ ਮੈਨੂੰ ਅਜਾਈਂ ਨਹੀਂ ਜਾਣ ਦੇਵੇਗਾ। ਤਦ ਮੈਂ ਇੱਕ ਹਿੰਦੂ ਖਤਰੀ ਮਲਾਵਾ ਮਲ ਵਸਨੀਕ ਕਾਦੀਆਂ ਨੂੰ ਇਹ ਇਲਹਾਮ ਲਿਖ ਕੇ ਦਿੱਤਾ ਅਤੇ ਇਹ ਸਾਰਾ **ਕ਼ਿੱਸਾ** ਉਸ ਨੂੰ ਸੁਣਾਇਆ ਅਤੇ ਫ਼ੌਰਨ ਅੰਮ੍ਰਿਤਸਰ ਭੇਜਿਆ ਤਾਂ ਜੋ ਮੁਹੱਮਦ ਸ਼ਰੀਫ਼ ਸਾਹਿਬ ਕਲਾਨੌਰੀ ਰਾਹੀਂ ਕਿਸੇ ਨਗੀਨੇ ਵਿੱਚ ਖੁਦਵਾ ਕੇ ਮੋਹਰ ਬਣਵਾ ਕੇ ਲੈ ਆਵੇ। ਮੈਂ ਉਸ ਹਿੰਦੂ ਨੂੰ ਤਿਆਰ ਕੀਤਾ ਤਾਂ ਜੋ ਉਹ ਗਵਾਹ ਹੋਵੇ ਅਤੇ ਮੌਲਵੀ ਮੁਹੱਮਦ ਸ਼ਰੀਫ਼ ਵੀ ਗਵਾਹ ਹੋ ਜਾਣ। ਚੁਨਾਂਚਿ ਮੌਲਵੀ ਸਾਹਿਬ ਦੇ ਰਾਹੀਂ ਇਹ **ਅੰਗੂਠੀ** ਪੰਜ ਰੁਪਏ ਵਿੱਚ ਤਿਆਰ ਹੋ ਕੇ ਮੇਰੇ ਕੋਲ ਪਹੁੰਚ ਗਈ ਅਤੇ ਹੁਣ ਤੱਕ ਮੇਰੇ ਕੋਲ ਮੌਜੂਦ ਹੈ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅਤੇ ਅੱਲਾਹ ਦੇ ਫ਼ਜ਼ਲ ਨਾਲ ਹੁਣ ਤੱਕ ਚੱਲਦੀ ਆ ਰਹੀ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਆਪ عليه السلام ਦੇ ਅੱਲਾਹ ‘ਤੇ **ਤਵੱਕੁਲ** (ਵਿਸ਼ਵਾਸ) ਅਤੇ ਸੱਚਾਈ ‘ਤੇ ਕ਼ਾਇਮ ਰਹਿਣ ਨੂੰ ਗ਼ੈਰ ਵੀ ਮੰਨਣ ਵਾਲੇ ਸਨ। ਹਜ਼ਰਤ ਮਲਿਕ ਸਲਾਹੁਦ ਦੀਨ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਇੱਕ ਸ਼ਖ਼ਸ ਨੇ ਇੱਕ ਮਜਲਿਸ ਵਿੱਚ ਹਜ਼ੂਰ عليه السلام ਦਾ ਵਿਰੋਧ ਸ਼ੁਰੂ ਕੀਤੀ ਤਾਂ ਮੌਲਵੀ ਫ਼ਜ਼ਲ ਦੀਨ ਸਾਹਿਬ ਜਿਹੜੇ ਇੱਕ ਗ਼ੈਰ ਅਹਮਦੀ ਵਕੀਲ ਸਨ ਅਤੇ ਕ਼ਤਲ ਦੇ ਮੁਕ਼ੱਦਮੇ ਵਿੱਚ ਹਜ਼ੂਰ عليه السلام ਦੇ ਵਕੀਲ ਸਨ। ਉਨ੍ਹਾਂ ਨੇ ਨਿਹਾਇਤ ਜੋਸ਼ ਵਿੱਚ ਆ ਕੇ ਕਿਹਾ ਕਿ ਮੈਂ ਮਿਰਜ਼ਾ ਸਾਹਿਬ عليه السلام ਦੀ ਅਜ਼ੀਮ ਸ਼ਖ਼ਸੀਅਤ ਅਤੇ ਅਖ਼ਲਾਕ਼ ਦਾ ਕ਼ਾਇਲ ਹਾਂ। ਮੈਂ ਬੜੇ ਬੜੇ ਨੇਕ ਲੋਕਾਂ ਨੂੰ ਦੇਖਿਆ ਹੈ ਕਿ ਕ਼ਾਨੂਨੀ ਮਸ਼ਵਰੇ ‘ਤੇ ਉਨ੍ਹਾਂ ਨੇ ਆਪਣਾ ਬਿਆਨ ਬਦਲ ਲਿਆ ਲੇਕਿਨ ਆਪ عليه السلام ਨੂੰ ਅਜਿਹਾ ਪਾਇਆ ਕਿ ਜਿਨ੍ਹਾਂ ਨੇ ਸੱਚ ਦੇ ਮੁਕ਼ਾਮ ਤੋਂ ਕ਼ਦਮ ਨਹੀਂ ਹਟਾਇਆ। ਮੈਂ ਮਾਰਟਿਨ ਕਲਾਕ ਦੇ ਮੁਕ਼ੱਦਮੇ ਵਿੱਚ ਇੱਕ ਕ਼ਾਨੂਨੀ ਬਿਆਨ ਸੁਝਾਇਆ ਅਤੇ ਮੈਂ ਇਹ ਕਿਹਾ ਕਿ **ਮੁਲਜ਼ਿਮ** ਦਾ ਬਿਆਨ ਹਲਫ਼ੀ ਨਹੀਂ ਹੁੰਦਾ। ਮਿਰਜ਼ਾ ਸਾਹਿਬ عليه السلام ਨੇ ਬਿਆਨ ਪੜ੍ਹ ਕੇ ਕਿਹਾ ਕਿ ਇਸ ਵਿੱਚ ਤਾਂ ਝੂਠ ਹੈ। ਖ਼ੁਦਾ ਤਆਲਾ ਨੇ ਤਾਂ ਇਜਾਜ਼ਤ ਨਹੀਂ ਦਿੱਤੀ ਕਿ ਮੁਲਜ਼ਿਮ ਝੂਠ ਬੋਲੇ। ਮੈਂ ਕਿਹਾ ਕਿ ਤੁਸੀਂ ਕਿਉਂ ਜਾਣ ਬੁੱਝ ਕੇ ਆਪਣੇ ਆਪ ਨੂੰ ਬਲਾ ਵਿੱਚ ਪਾਉਂਦੇ ਹੋ ਪਰ ਮਿਰਜ਼ਾ ਸਾਹਿਬ عليه السلام ਨੇ ਫ਼ਰਮਾਇਆ ਮੈਂ ਇਹ ਕ਼ਾਨੂਨੀ ਬਿਆਨ ਦੇ ਕੇ ਨਾਜਾਇਜ਼ ਫ਼ਾਇਦਾ ਉਠਾਉਣ ਦੇ ਲਈ ਆਪਣੇ ਖ਼ੁਦਾ ਨੂੰ ਨਰਾਜ਼ ਕਰ ਦਿਆਂ? ਇਹ ਮੁਮਕਿਨ ਨਹੀਂ ਚਾਹੇ ਕੁੱਝ ਵੀ ਹੋ ਜਾਵੇ। ਉਹ ਕਹਿੰਦੇ ਹਨ ਕਿ ਆਪ عليه السلام ਨੇ ਫ਼ਰਮਾਇਆ ਕਿ ਮੈਂ ਕਦੀ ਵਹਿਮ ਵੀ ਨਹੀਂ ਕੀਤਾ ਕਿ ਤੁਹਾਡੀ ਵਕਾਲਤ ਤੋਂ ਫ਼ਾਇਦਾ ਹੋਵੇਗਾ। ਮੇਰਾ ਭਰੋਸਾ ਤਾਂ ਖ਼ੁਦਾ ‘ਤੇ ਹੈ ਜਿਹੜਾ ਮੇਰੇ ਦਿਲ ਨੂੰ ਦੇਖਦਾ ਹੈ ਅਤੇ ਮੈਂ ਉਸ ‘ਤੇ **ਤਵੱਕੁਲ** (ਵਿਸ਼ਵਾਸ) ਕਰਦਾ ਹਾਂ। ਆਪ عليه السلام ਨੇ ਫ਼ਰਮਾਇਆ ਕਿ ਮੇਰਾ ਬਿਆਨ ਤੁਹਾਡੇ ਇਸ ਕ਼ਾਨੂਨੀ ਬਿਆਨ ਤੋਂ ਜ਼ਿਆਦਾ ਅਸਰਦਾਰ ਹੋਵੇਗਾ। ਚਾਹੇ ਸਜ਼ਾ ਹੋ ਜਾਵੇ ਪਰ ਮੈਂ ਖ਼ੁਸ਼ ਹੋਵਾਂਗਾ ਕਿ ਮੈਂ ਖ਼ੁਦਾ ਦੀ ਨਾ-ਫ਼ਰਮਾਨੀ ਨਹੀਂ ਕੀਤੀ ਅਤੇ ਅਜੀਬ ਗੱਲ ਹੈ ਕਿ ਆਪ عليه السلام ਬਰੀ ਵੀ ਹੋ ਗਏ। ਆਪ عليه السلام ਨੇ ਫ਼ਰਮਾਇਆ ਕਿ ਵਕਾਲਤ ਤਾਂ ਇੱਕ ਦੁਨਿਆਵੀ ਚੀਜ਼ ਹੈ ਪਰ **ਤਵੱਕੁਲ** (ਵਿਸ਼ਵਾਸ) ਅੱਲਾਹ ਤਆਲਾ ‘ਤੇ ਕਰਨਾ ਚਾਹੀਦਾ ਹੈ। ਇਹ ਗ਼ੈਰ ਵੀ ਇਸ ਤੋਂ ਪ੍ਰਭਾਵਿਤ ਹੋਏ ਬਗ਼ੈਰ ਨਾ ਰਹਿ ਸਕਿਆ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਮੁਫ਼ਤੀ ਮੁਹੱਮਦ ਸਾਦਿਕ਼ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਨੇ ਫ਼ਰਮਾਇਆ ਕਿ ਅੱਜ ਕੱਲ ਦੇ ਲੋਕਾਂ ਦੇ ਨਜ਼ਦੀਕ ਸ਼ਿਸ਼ਟਾਚਾਰ ਅਤੇ ਸੰਸਕਾਰ ਇਹ ਹਨ ਕਿ ਦੁਨੀਆ ਦਾ ਕੀੜਾ ਬਣ ਜਾਣ ਅਤੇ ਖ਼ੁਦਾ ਨੂੰ ਭੁੱਲ ਜਾਣ ਅਤੇ ਜ਼ਾਹਿਰੀ ਸਾਧਨਾਂ ਦੀ ਪ੍ਰਸਤਿਸ਼ ਵਿੱਚ ਲੱਗ ਜਾਣ ਪਰ ਖ਼ੁਦਾ ਤਆਲਾ ਦੇ ਨਜ਼ਦੀਕ ਸ਼ਿਸ਼ਟਾਚਾਰ ਅਤੇ ਸੰਸਕਾਰ ਇਹ ਹਨ ਕਿ ਅੱਲਾਹ ਤਆਲਾ ‘ਤੇ ਪੂਰਾ ਭਰੋਸਾ ਹਾਸਿਲ ਹੋ ਜਾਵੇ ਅਤੇ ਦਿਲ ਨੂੰ ਸੱਚੀ ਪਾਕੀਜ਼ਗੀ ਹਾਸਿਲ ਹੋ ਜਾਵੇ।

ਇੱਕ ਮਜਲਿਸ ਵਿੱਚ ਕੁੱਝ ਬਿਮਾਰੀਆਂ ਦਾ ਜ਼ਿਕਰ ਸੀ। ਹਜ਼ੂਰ عليه السلام ਨੇ ਫ਼ਰਮਾਇਆ: ਮੇਰਾ ਮਜ਼ਹਬ ਬਿਮਾਰੀਆਂ ਵਿੱਚ ਦੁਆ ਦੇ ਜ਼ਰੀਏ ਸ਼ਿਫ਼ਾ ਦੇ ਬਾਰੇ ਜਿੰਨਾ ਮੇਰੇ ਦਿਲ ਵਿੱਚ ਹੈ ਉੰਨਾ ਮੈਂ ਜ਼ਾਹਿਰ ਨਹੀਂ ਕਰ ਸਕਦਾ। **ਤਬੀਬ** ਇੱਕ ਹੱਦ ਤੱਕ ਜਾਂਦਾ ਹੈ ਅਤੇ ਫਿਰ ਠਹਿਰ ਜਾਂਦਾ ਹੈ ਅਤੇ ਮਾਯੂਸ ਹੋ ਜਾਂਦਾ ਹੈ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅਕਸਰ ਲੋਕ ਹੁਣ ਵੀ ਖ਼ਤ ਲਿਖਦੇ ਹਨ ਕਿ ਡਾਕਟਰ ਨੇ ਜਵਾਬ ਦੇ ਦਿੱਤਾ ਹੈ ਪਰ ਉਸ ਦੇ ਅੱਗੇ ਖ਼ੁਦਾ ਦੁਆ ਦੇ ਜ਼ਰੀਏ ਰਾਹ ਖੋਲ੍ਹ ਦਿੰਦਾ ਹੈ ਕਿ ਜਿਹੜੀਆਂ ਹੱਦਾਂ ਲੋਕਾਂ ਨੇ ਤੈ ਕੀਤੀਆਂ ਹੋਈਆਂ ਹਨ ਉਸ ਤੋਂ ਅੱਗੇ ਵਧ ਕੇ ਉਮੀਦ ਪੈਦਾ ਹੋਵੇ ਅਤੇ ਇਸੇ ਤਰ੍ਹਾਂ ਅੱਲਾਹ ਤਆਲਾ ਦੀ ਸ਼ਨਾਖ਼ਤ ਸ਼ੁਰੂ ਹੋ ਜਾਂਦੀ ਹੈ।

ਆਪ عليه السلام ਫ਼ਰਮਾਉਂਦੇ ਹਨ ਕਿ ਸਾਡਾ ਮਜ਼ਹਬ ਇਹੀ ਹੈ ਕਿ ਜੇਕਰ ਦੁਨੀਆ ਦੇ ਸਾਰੇ ਤਬੀਬ ਨਾ-ਉਮੀਦ ਹੋ ਜਾਣ ਅਤੇ ਮੌਤ ਦਾ ਫ਼ਤਵਾ ਲਾ ਦੇਣ ਫਿਰ ਵੀ ਕਾਫ਼ੀ ਤਵੱਜੋ ਪੈਦਾ ਹੋਣ ‘ਤੇ ਦੁਆ ਕ਼ਬੂਲ ਹੋ ਕੇ ਸ਼ਿਫ਼ਾ ਹੋ ਜਾਂਦੀ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਮੌਲਵੀ ਅਬਦੁਲ ਕਰੀਮ ਸਾਹਿਬ ਸਿਆਲਕੋਟੀ ਰਜ਼ਿਯੱਲਾਹੁ ਅਨਹੁ ਦੀ ਕਮਜ਼ੋਰੀ ਦੇ ਹਵਾਲੇ ਨਾਲ ਹਜ਼ਰਤ ਸ਼ੇਖ਼ ਯਅਕ਼ੂਬ ਅਲੀ ਇਰਫ਼ਾਨੀ ਰਜ਼ਿਯੱਲਾਹੁ ਅਨਹੁ ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਦੀ ਵਿਸ਼ਵਾਸਮਈ ਸ਼ਾਨ ਬਿਆਨ ਕਰਦੇ ਹਨ ਕਿ: ਮੌਲਵੀ ਸਾਹਿਬ ਰਜ਼ਿਯੱਲਾਹੁ ਅਨਹੁ ਦੀ ਬਿਮਾਰੀ ਵਿੱਚ ਹਜ਼ੂਰ عليه السلام ਨੇ ਆਪਣੀ ਕਮਾਲ ਮੁਹੱਬਤ ਅਤੇ ਕ਼ੁਰਬਾਨੀ ਦਾ ਅਤੇ ਅੱਲਾਹ ਤਆਲਾ ‘ਤੇ ਮੁਕੰਮਲ **ਤਵੱਕੁਲ** (ਵਿਸ਼ਵਾਸ) ਅਤੇ ਭਰੋਸੇ ਦਾ ਨਮੂਨਾ ਦਿਖਾਇਆ ਜਿਹੜਾ ਇੱਕ ਅਹਿਲੇ ਬਸੀਰਤ (ਅੱਖਾਂ ਰੱਖਣ ਵਾਲੇ) ਦੇ ਲਈ ਕਾਫ਼ੀ

ਸਬੂਤ ਹੈ। ਹਜ਼ਰਤ ਅਕ਼ਦਸ ﵇ ਦੇ ਅੱਲਾਹ ਤਆਲਾ ਵੱਲੋਂ ਹੋਣ ਦਾ ਅਤੇ ਖ਼ੁਦਾ ਤਆਲਾ ਦੇ ਨਾਲ਼ ਉਨ੍ਹਾਂ ਦਾ ਸੱਚਾ ਤਅੱਲੁਕ਼ ਹੋਣ ਦਾ ਅਤੇ ਇਸ ਗੱਲ ਦਾ ਕਿ ਕੋਈ ਆਂਹਜ਼ਰਤ ਸਲ੍ ਲੱਲਾਹੁ ਅਲੈਹਿ ਵਸੱਲਮ੍ ਦਾ ਨਮੂਨਾ ਅੱਜ ਉੱਮਤ ਵਿੱਚ ਦੇਖਣਾ ਚਾਹੇ ਤਾਂ ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਦੇ ਇਲਾਵਾ ਅੱਜ ਦੁਨੀਆ ਵਿੱਚ ਕੋਈ ਨਹੀਂ।

ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਆਖ਼ਿਰੀ ਵੇਲ਼ੇ ਤੱਕ ਦੁਆ ਕਰਦੇ ਰਹੇ ਪਰ ਜਦ ਵੇਲ਼ਾ ਆ ਗਿਆ ਤਾਂ ਫਿਰ ਅੱਲਾਹ ਤਆਲਾ ਦੀ ਰਜ਼ਾ 'ਤੇ ਰਾਜ਼ੀ ਹੋ ਗਏ।

ਆਪ ﵇ ਫ਼ਰਮਾਉਂਦੇ ਹਨ ਕਿ **ਤਵੱਕੁਲ** (ਵਿਸ਼ਵਾਸ) ਇਹੀ ਹੈ ਕਿ ਸਾਧਨ, ਜਿਹੜੇ ਅੱਲਾਹ ਤਆਲਾ ਨੇ ਕਿਸੇ ਕੰਮ ਨੂੰ ਕਰਨ ਲਈ ਮੁਕ਼ੱਰਰ ਕੀਤੇ ਹੋਏ ਹਨ, ਉਨ੍ਹਾਂ ਨੂੰ ਜਿੱਥੇ ਤੱਕ ਹੋ ਸਕੇ ਜਮ੍ਹਾ ਕਰੋ ਅਤੇ ਫਿਰ ਖ਼ੁਦ ਦੁਆਵਾਂ ਵਿੱਚ ਲੱਗ ਜਾਓ ਕਿ ਐ ਖ਼ੁਦਾ! ਤੂੰ ਹੀ ਇਸ ਦਾ ਅੰਜਾਮ ਬ-ਖ਼ੈਰ ਕਰ। ਹਜ਼ਾਰਾਂ **ਆਫ਼ਤਾਂ** ਹਨ ਅਤੇ ਹਜ਼ਾਰਾਂ **ਮੁਸੀਬਤਾਂ** ਹਨ ਜਿਹੜੀਆਂ ਇਨ੍ਹਾਂ ਸਾਧਨਾਂ ਨੂੰ ਵੀ ਬਰਬਾਦ ਅਤੇ ਤਹਿਸ ਨਹਿਸ ਕਰ ਸਕਦੀਆਂ ਹਨ, ਉਨ੍ਹਾਂ (ਮੁਸੀਬਤਾਂ) ਦੇ ਕ਼ਬਜ਼ੇ ਤੋਂ ਬਚਾ ਕੇ ਸਾਨੂੰ ਸੱਚੀ ਕਾਮਯਾਬੀ ਅਤੇ ਮੰਜ਼ਿਲ 'ਤੇ ਪਹੁੰਚਾ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਸੱਯਦ ਜ਼ੈਨੁਲ ਅਬਿਦੀਨ ਸ਼ਾਹ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਜਿਵੇਂ ਹੀ ਇਲਾਕ਼ੇ ਵਿੱਚ **ਪਲੇਗ** ਜ਼ਾਹਿਰ ਹੁੰਦਾ ਆਪ ﵇ ਆਪਣੇ ਘਰ ਦੀ ਸਫ਼ਾਈ ਦਾ ਹੁਕਮ ਦਿੰਦੇ, ਬੋਰਡਿੰਗ ਹਾਊਸ ਦੀ ਸਫ਼ਾਈ ਕਰਵਾਉਂਦੇ ਅਤੇ ਸਾਰੇ ਅਹਬਾਬ ਨੂੰ ਹੁਕਮ ਦਿੰਦੇ ਕਿ ਆਪਣੇ ਘਰਾਂ ਵਿੱਚ **ਫ਼ਨਾਇਲ** ਦਾ ਇਸਤੇਮਾਲ ਕਰਨ ਅਤੇ **ਧੂਣੀ** ਦੇਣ। ਆਪ ﵇ ਨੇ ਫ਼ਰਮਾਇਆ ਕਿ ਸਾਧਨ ਤੋਂ ਕੰਮ ਲੈਣਾ ਵੀ ਅੱਲਾਹ ਤਆਲਾ ਦੀ ਨਿਅਮਤ ਦਾ ਸ਼ੁਕਰੀਆ ਅਦਾ ਕਰਨਾ ਹੈ ਅਤੇ ਸਾਧਨ ਨੂੰ ਛੱਡਣਾ ਸ਼ਰੀਅਤਿ ਇਲਾਹਿਯ੍ਹ ਦੇ ਖ਼ਿਲਾਫ਼ ਹੈ। **ਤਵੱਕੁਲ** (ਵਿਸ਼ਵਾਸ) ਦਾ ਮੁਕ਼ਾਮ ਉਸ ਦੇ ਬਾਅਦ ਹੈ। ਸੱਚੀ **ਮਅਰਿਫ਼ਤ** ਇਹ ਹੈ ਕਿ ਸਾਧਨ ਦੇ ਪਿੱਛੇ ਖ਼ੁਦਾ ਤਆਲਾ ਦੇ ਹੱਥ ਨੂੰ ਦੇਖਿਆ ਜਾਵੇ।

ਹਜ਼ੂਰ ਫ਼ਰਮਾਉਂਦੇ ਹਨ ਖ਼ੁਦਾ ਦੇ ਮੁਕ਼ੱਰਬ (ਨੇੜਲੇ) ਬੰਦਿਆਂ ਦੇ **ਤਵੱਕੁਲ** (ਵਿਸ਼ਵਾਸ) ਦੀ ਵੀ ਅਜੀਬ ਸ਼ਾਨ ਹੁੰਦੀ ਹੈ ਇੱਕ ਪਾਸੇ ਉਹ ਸਾਧਨ ਤੋਂ ਇਸ ਤਰ੍ਹਾਂ ਕੰਮ ਲੈਂਦੇ ਹਨ ਕਿ ਇੱਕ ਦੁਨੀਆਦਾਰ ਇਹ ਸਮਝਣ ਲੱਗ ਜਾਂਦਾ ਹੈ ਕਿ ਸ਼ਾਇਦ ਉਨ੍ਹਾਂ ਦਾ ਸਾਰਾ ਭਰੋਸਾ ਸਾਧਨ 'ਤੇ ਹੀ ਹੁੰਦਾ ਹੈ ਪਰ ਕਦੀ ਉਹ ਸਾਧਨ ਨੂੰ ਇਸ ਤਰ੍ਹਾਂ ਛੱਡ ਦਿੰਦੇ ਹਨ ਜਿਵੇਂ ਕਿ ਉਨ੍ਹਾਂ ਦੀ ਲੋੜ ਹੀ ਨਹੀਂ। **ਤਵੱਕੁਲ** (ਵਿਸ਼ਵਾਸ) ਦੀ ਇਹ ਸ਼ਾਨ ਵੀ ਹਜ਼ਰਤ ਅਕ਼ਦਸ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਦੀ ਸੀਰਤ ਵਿੱਚ ਸਾਨੂੰ ਨਜ਼ਰ ਆਉਂਦੀ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਮੁਸ੍ਲਿਹ੍ ਮੌਊਦ੍ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਦੀ ਵਫ਼ਾਤ ਤੋਂ ਦੋ ਤਿੰਨ ਸਾਲ ਪਹਿਲਾਂ ਜਦ ਹਜ਼ੂਰ ﵇ ਨੂੰ ਸ਼ਦੀਦ ਖੰਘ ਹੋਈ। ਉਸ ਵੇਲ਼ੇ ਮੇਰੀ ਉਮਰ 17 ਸਾਲ ਦੇ ਕ਼ਰੀਬ ਸੀ ਅਤੇ ਆਪ ﵇ ਨੂੰ ਦਵਾਈ ਦੇਣਾ ਮੇਰੇ ਸਪੁਰਦ ਸੀ। ਹਜ਼ਰਤ ਖ਼ਲੀਫ਼ਤੁਲ੍ ਮਸੀਹ੍ ਅੱਵਲ ਰਜ਼ਿਯੱਲਾਹੁ ਅਨਹੁ ਦੇ **ਨੁਸਖ਼ੇ** ਵੀ ਇਸਤੇਮਾਲ ਹੁੰਦੇ ਸਨ ਅਤੇ ਦੂਸਰੇ ਵੀ ਪਰ ਖੰਘ ਵਧਦੀ ਜਾਂਦੀ ਸੀ। ਇਹ ਵਾਕ਼ਿਆ 1907 ਈ: ਦਾ ਹੈ। ਅਬਦੁਲ ਹਕੀਮ ਮੁਰਤਦ ਨੇ ਆਪ ﵇ ਦੀ ਖੰਘ ਦੀ ਤਕਲੀਫ਼ ਦਾ ਪੜ੍ਹ ਕੇ ਲਿਖਿਆ ਸੀ ਕਿ ਆਪ ﵇ ਨਊਜ਼ੁਬਿੱਲਾਹ੍ ਟੀ.ਬੀ ਦੀ ਬਿਮਾਰੀ ਵਿੱਚ ਮੁਬਤਿਲਾ ਹੋ ਕੇ ਫ਼ੌਤ ਹੋਣਗੇ। ਇਸ ਲਈ ਮੈਂ ਬਹੁਤ ਇਹਤਿਆਤ ਕਰਦਾ ਸੀ ਕਿ ਕਿਤੇ ਉਨ੍ਹਾਂ ਨੂੰ ਗ਼ਲਤ ਤੌਰ 'ਤੇ ਖ਼ੁਸ਼ੀ ਦਾ ਕੋਈ ਬਹਾਨਾ ਨਾ ਮਿਲ਼ ਜਾਵੇ। ਕਈ ਵਾਰ ਖੰਘ ਦਾ ਇੰਨਾ ਲੰਮਾ **ਉੱਥੂ** ਆਉਂਦਾ ਸੀ ਕਿ ਇਵੇਂ ਜਾਪਦਾ ਸੀ ਕਿ ਸਾਹ ਰੁਕ ਜਾਵੇਗਾ। ਇਸੇ ਹਾਲਤ ਵਿੱਚ ਬਾਹਰੋਂ ਇੱਕ ਦੋਸਤ ਆਏ ਅਤੇ ਤੋਹਫ਼ੇ ਦੇ ਤੌਰ 'ਤੇ ਫਲ਼ ਲਿਆਏ। ਮੈਂ ਉਹ ਆਪ ﵇ ਦੇ ਸਾਹਮਣੇ ਪੇਸ਼ ਕਰ ਦਿੱਤੇ। ਆਪ ﵇ ਨੇ ਦੇਖਿਆ ਤਾਂ ਫ਼ਰਮਾਇਆ ਕਿ ਉਨ੍ਹਾਂ ਨੂੰ ਜਜ਼ਾਕੱਲਾਹ੍ ਕਹਿ ਦਿਓ ਅਤੇ ਉਨ੍ਹਾਂ ਵਿੱਚੋਂ **ਕੇਲਾ** ਚੁੱਕਿਆ ਅਤੇ ਸ਼ਾਇਦ ਮੈਨੂੰ ਸਬਕ਼ ਦੇਣ ਦੇ ਲਈ ਫ਼ਰਮਾਇਆ ਕਿ ਇਹ ਖੰਘ ਵਿੱਚ ਕੈਸਾ ਹੁੰਦਾ ਹੈ? ਮੈਂ ਕਿਹਾ ਕਿ ਇਹ ਚੰਗਾ ਨਹੀਂ ਹੁੰਦਾ। ਆਪ ﵇ ਮੁਸਕਰਾ ਪਏ ਅਤੇ ਛਿੱਲ ਕੇ ਖਾਣਾ ਸ਼ੁਰੂ ਕਰ ਦਿੱਤਾ। ਮੈਂ ਕਿਹਾ ਖੰਘ ਬਹੁਤ ਸਖ਼ਤ ਹੈ ਅਤੇ ਇਹ ਖੰਘ ਵਿੱਚ ਚੰਗਾ ਨਹੀਂ ਹੈ ਪਰ ਆਪ ﵇ ਮੁਸਕੁਰਾ ਕੇ ਉਸ ਨੂੰ ਛਿਲ ਕੇ ਖਾਂਦੇ ਰਹੇ। ਮੈਂ ਨਾਦਾਨੀ ਨਾਲ਼ ਫਿਰ ਜ਼ੋਰ ਦਿੱਤਾ ਕਿ ਨਹੀਂ ਖਾਣਾ ਚਾਹੀਦਾ। ਆਪ ﵇ ਨੇ ਫ਼ਰਮਾਇਆ ਕਿ ਮੈਨੂੰ ਹੁਣੇ ਇਲਹਾਮ ਹੋਇਆ ਹੈ: "ਖਾਂਸੀ ਦੂਰ ਹੋ ਗਈ" (ਖੰਘ ਦੂਰ ਹੋ

ਗਈ)। ਹਾਲਾਂਕਿ ਨਾ ਕੋਈ ਦਵਾਈ ਇਸਤੇਮਾਲ ਕੀਤੀ ਪਰ ਖੰਘ ਦੂਰ ਹੋ ਗਈ। ਇਹ ਸਿਰਫ਼ ਇਲਾਹੀ ਪ੍ਰਭਾਅ ਨਾਲ਼ ਹੋਇਆ। ਚੁਨਾਂਚਿ ਖੰਘ ਉਸੇ ਵੇਲ਼ੇ ਤੋਂ ਜਾਂਦੀ ਰਹੀ ਹਾਲਾਂਕਿ ਉਸ ਵੇਲ਼ੇ ਨਾ ਤਾਂ ਕੋਈ ਦਵਾਈ ਇਸਤੇਮਾਲ ਕੀਤੀ ਅਤੇ ਨਾ ਪਰਹੇਜ਼ ਕੀਤਾ ਬਲਕਿ **ਬਦ-ਪਰਹੇਜ਼ੀ** ਕੀਤੀ ਅਤੇ ਖੰਘ ਵੀ ਦੂਰ ਹੋ ਗਈ। ਭਾਵੇਂ ਉਸ ਤੋਂ ਪਹਿਲਾਂ ਇੱਕ ਮਹੀਨਾ ਇਲਾਜ ਹੁੰਦਾ ਰਿਹਾ ਸੀ ਅਤੇ ਖੰਘ ਦੂਰ ਨਹੀਂ ਹੁੰਦੀ ਸੀ। ਇਹ ਇਲਾਹੀ ਪ੍ਰਭਾਅ ਹੈ। ਉਵੇਂ ਤਾਂ ਬਦ-ਪਰਹੇਜ਼ੀ ਨਾਲ਼ ਬਿਮਾਰੀਆਂ ਵੀ ਹੁੰਦੀਆਂ ਹਨ ਅਤੇ ਇਲਾਜ ਨਾਲ਼ ਸਿਹਤ ਵੀ ਹੋ ਜਾਂਦੀ ਹੈ ਪਰ ਅੱਲਾਹ ਤਆਲਾ ਚਾਹੁੰਦਾ ਹੈ ਤਾਂ ਦਖ਼ਲ ਵੀ ਦੇ ਦਿੰਦਾ ਹੈ। ਦੁਆ ਦਾ ਹਥਿਆਰ ਇਸੇ ਲਈ ਅੱਲਾਹ ਤਆਲਾ ਨੇ ਇਨਸਾਨ ਨੂੰ ਸਿਖਾਇਆ ਹੈ ਕਿ ਉਹ ਖ਼ੁਦਾ ਤਆਲਾ ਦੇ ਹਜ਼ੂਰ ਜਾ ਕੇ ਕਹੇ ਕਿ ਮੈਂ ਆਜ਼ਾਦੀ ਨਹੀਂ ਚਾਹੁੰਦਾ, ਮੈਂ ਆਪਣੇ ਹਾਲਾਤ ਤੋਂ ਤੰਗ ਆ ਗਿਆ ਹਾਂ ਅਤੇ ਆਪ ਮਿਹਰਬਾਨੀ ਕਰਕੇ ਮੇਰੇ ਮੁਆਮਲਿਆਂ ਵਿੱਚ ਦਖ਼ਲ ਦਿਓ ਅਤੇ ਜਦ ਅੱਲਾਹ ਤਆਲਾ ‘ਤੇ ਪੂਰਾ **ਤਵੱਕੁਲ** (ਵਿਸ਼ਵਾਸ) ਕੀਤਾ ਜਾਂਦਾ ਹੈ ਤਾਂ ਅੱਲਾਹ ਤਆਲਾ ਵੀ ਦੇਖਦਾ ਹੈ ਕਿ ਬੰਦਾ **ਮੁਤਵੱਕਿਲ** (ਵਿਸ਼ਵਾਸ ਕਰਨ ਵਾਲ਼ਾ) ਹੋ ਗਿਆ ਹੈ ਅਤੇ ਚਾਹੁੰਦਾ ਹੈ ਕਿ ਮੈਂ ਉਸ ਦੇ ਮੁਆਮਲਿਆਂ ਵਿੱਚ ਦਖ਼ਲ ਦਿਆਂ ਤਾਂ ਉਹ ਦਿੰਦਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਇਸ ਹਵਾਲੇ ਨਾਲ਼ ਹੋਰ ਇਨਸ਼ਾ ਅੱਲਾਹ ਆਇੰਦਾ ਬਿਆਨ ਕਰਾਂਗਾ।

ਖ਼ੁਤਬੇ ਦੇ ਆਖ਼ਿਰ ਵਿੱਚ ਹਜ਼ੂਰ ਅਨਵਰ ਨੇ ਮੁਕੱਰਮ ਅਤਾਉਰ ਰਹਮਾਨ ਸਾਹਿਬ ਵੈਸਟ ਬੰਗਾਲ ਇੰਡੀਆ ਦਾ, ਜਿਹੜਾ ਪਿਛਲੇ ਦਿਨੀਂ 76 ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਏ, **ਜ਼ਿਕਰਿ ਖ਼ੈਰ** ਫ਼ਰਮਾਇਆ। ਮਰਹੂਮ ਮੂਸੀ ਸਨ। ਪਿੱਛੇ ਪਤਨੀ ਦੇ ਇਲਾਵਾ ਇੱਕ ਬੇਟੀ ਅਤੇ ਤਿੰਨ ਬੇਟੇ ਛੱਡੇ ਹਨ। ਇੱਕ ਬੇਟੇ ਮੁਫ਼ੀਜ਼ੁਰ ਰਹਮਾਨ ਸਾਹਿਬ ਮੁਰੱਬਿਇ ਸਿਲਸਿਲਾ ਬੋਸਨੀਆ ਹਨ। ਇੱਕ ਬੇਟੇ ਸ਼ਾਹ ਨੂਰ ਸਾਹਿਬ ਮੁਅੱਲਿਮ ਹਨ ਇੰਡੀਆ ਵਿੱਚ ਅਤੇ ਇੱਕ ਜਵਾਈ ਸਾਬਿਰ ਅਲੀ ਸਾਹਿਬ ਮੁਰੱਬਿਇ ਸਿਲਸਿਲਾ ਹਨ। ਹਜ਼ੂਰ ਅਨਵਰ ਨੇ ਦੂਸਰਾ ਜ਼ਿਕਰ ਮਰਹੂਮਾ ਖ਼ਦੀਜਾ ਸਿੱਦੀਕ਼ਾ ਕੋਨਤੋ ਸਾਹਿਬਾ ਇੰਡੋਨੇਸ਼ੀਆ ਦਾ ਫ਼ਰਮਾਇਆ।

ਹਜ਼ੂਰ ਅਨਵਰ ਨੇ ਮਰਹੂਮਾਂ ਦੇ ਲਈ **ਦੁਆਇ ਮਗ਼ਫ਼ਿਰਤ** ਕੀਤੀ ਅਤੇ **ਨਮਾਜ਼ਿ ਜਨਾਜ਼ਾ ਗ਼ਾਇਬ** ਪੜ੍ਹਾਉਣ ਦਾ ਐਲਾਨ ਫ਼ਰਮਾਇਆ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞